**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ
2. ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਦੇ ਰਾਹੀਂ)

ਮੀਮੋ ਨੰ ਸਸਅ/ਸੀਏ/35366
ਮਿਤੀ ਚੰਡੀਗੜ੍ਹ 03 ਮਈ, 2010

ਵਿਸ਼ਾ ਸਰਕਾਰੀ ਮਿਡਲ ਸਕੂਲਾਂ ਦੇ ਵਿੱਚ ਰੋਜਾਨਾ ਵੈੱਬ ਸਾਈਟ ਤੋਂ ਹਦਾਇਤਾਂ ਨੂੰ ਡਾਊਨ ਲੋਡ ਕਰਨ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਮੁੱਖ ਦਫਤਰ ਵੱਲੋਂ ਸਮੇ ਸਮੇ ਸਿਰ ਇਹ ਹਦਾਇਤਾਂ ਜਾਰੀ ਕੀਤੀਆ ਗਈਆਂ ਹਨ ਕਿ ਸਾਰੇ ਸਕੂਲਾਂ ਵਿੱਚ ਤੈਨਾਤ ਕੰਪਿਊਟਰ ਅਧਿਆਪਕਾਂ ਦੀ ਇਹ ਡਿਊਟੀ ਹੈ ਕਿ ਉਹ ਰੋਜਾਨਾ ਸਕੂਲ ਲੱਗਣ ਵੇਲੇ ਵਿਭਾਗ ਦੀ ਵੈੱਬ ਸਾਈਟ ਨੂੰ ਖੋਲ੍ਹ ਕੇ ਵੇਖਣ ਅਤੇ ਨਵੇ ਪੱਤਰ/ਇਣਾਂ-ਹਦਾਇਤਾਂ ਦੀ ਕਾਪੀ ਸਕੂਲ ਮੁੱਖੀ ਨੂੰ ਦੇਣ । ਸਰਕਾਰੀ ਮਿਡਲ ਸਕੂਲਾਂ ਦੇ ਕੁੱਝ ਸਕੂਲ ਮੁੱਖਿਆਂ ਵੱਲੋਂ ਇਹ ਪ੍ਰੇਖਣ ਪ੍ਰਾਪਤ ਹੋਏ ਹਨ ਕਿ ਉਹਨਾਂ ਦੇ ਸਕੂਲਾਂ ਵਿੱਚ ਕੰਪਿਊਟਰ ਟੀਚਰ ਪੱਕੇ ਤੌਰ ਤੇ ਨਹੀਂ ਲੱਗੇ ਹੋਏ ਹਨ ਅਤੇ ਉਹ ਦੋ ਤਿਨ ਦਿਨ ਹਫਤੇ ਵਿੱਚ ਆਉਂਦੇ ਹਨ ਜਿਸ ਕਰਕੇ ਬਾਕੀ ਦਿਨਾਂ ਵਿੱਚ ਉਹ ਇਹ ਹਦਾਇਤਾਂ ਡਾਊਨ ਲੋਡ ਨਹੀਂ ਕਰ ਸਕਦੇ ।

3.0 ਇਸ ਮਾਮਲੇ ਨੂੰ ਮੁੱਖ ਦਫਤਰ ਵਿੱਚ ਘੋਖਿਆ ਗਿਆ ਹੈ । ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਮਿਡਲ ਸਕੂਲਾਂ ਦੇ ਮੁੱਖੀ ਸਕੂਲ ਦੇ ਕਿਸੀ ਹੋਰ ਅਧਿਆਪਕ ਨੂੰ ਸਬੰਧਤ ਕੰਪਿਊਟਰ ਅਧਿਆਪਨ ਤੋਂ ਲੋੜੀਂਦੀ ਟ੍ਰੇਨਿੰਗ ਦਿਲਵਾਉਣ ਤਾਂ ਜੋ ਉਹ ਅਧਿਆਪਕ ਕੰਪਿਊਟਰ ਅਧਿਆਪਕ ਦੀ ਗੈਰ ਹਾਜਰੀ ਵਿੱਚ ਵਿਭਾਗ ਦੀ ਵੈੱਬ ਸਾਈਟ ਨੂੰ ਵੇਖਣ ਉਪਰੰਤ ਲੋੜੀਂਦੀਆ ਹਦਾਇਤਾਂ ਡਾਊਨ ਲੋਡ ਕਰਨ ਉਪਰੰਤ ਯੋਗ ਸਕੂਲ ਮੁੱਖੀ ਨੂੰ ਦੇਣ ਤਾਂ ਜੋ ਕਾਰਵਾਈ ਕੀਤੀ ਜਾ ਸਕੇ ।

4.0 ਇਹ ਜ਼ਿਲ੍ਹਾ ਸਿੱਖਿਆ ਅਫਸਰ ਅਤੇ ਸਕੂਲ ਮੁੱਖਿਆ ਦੀ ਜਾਣਕਾਰੀ ਅਤੇ ਅਗਵਾਈ ਹਿੱਤ ਹੈ । ਇਨ੍ਹਾ ਹਦਾਇਤਾਂ ਦੀ ਪਾਲਨਾ ਕੀਤੀ ਜਾਵੇ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ